**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਐਲੀ:ਸਿ) ਪੰਜਾਬ, ਮੁਹਾਲੀ ਕੰਪਲੈਕਸ ਪੰਜਾਬ ਸਕੂਲ ਸਿਖਿਆ ਬੋਰਡ, 6ਵੀ ਮੰਜਿਲ, ਨਵੀ ਬਿਲਡਿੰਗ, ਫੇਜ 8, ਐਸ ਏ ਐਸ ਨਗਰ, ਮੋਹਾਲੀ।**

## ਪਬਲਿਕ ਨੋਟਿਸ

ਸਿੱਖਿਆ ਵਿਭਾਗ (ਪ੍ਰਾਇਮਰੀ ਵਿੰਗ) ਪੰਜਾਬ ਵਿੱਚ ਨੇਤਰਹੀਣ ਉਮੀਦਵਾਰਾਂ ਲਈ ਰਾਖਵੀਆਂ ਜੇ.ਬੀ.ਟੀ/ਈ.ਟੀ.ਟੀ ਟੀਚਰਾਂ ਦੀਆਂ ਆਸਾਮੀਆਂ ਯੋਗ ਉਮੀਦਵਾਰ ਉਪਲੱਬਧ ਨਾ ਹੋਣ ਕਾਰਣ ਇਹਨਾਂ ਆਸਾਮੀਆਂ ਨੂੰ ਹੌਬੀ ਟੀਚਰ ਦੀਆਂ ਆਸਾਮੀਆਂ ਵਿੱਚ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਨੇਤਰਹੀਣ ਉਮੀਦਵਾਰਾਂ ਦਾ ਬੈਕਲਾਗ ਪੂਰਾ ਕੀਤਾ ਜਾ ਸਕੇ। ਇਸ ਤਰਾਂ 167 ਹੌਬੀ ਟੀਚਰਾਂ ਦੀਆਂ ਆਸਾਮੀਆਂ ਲਈ ਯੋਗ ਉਮੀਦਵਾਰਾਂ ਪਾਸੋਂ ਅਰਜੀਆਂ ਦੀ ਮੰਗ ਮਿਤੀ 03-03-2014 ਤੋਂ 31-03-2014 ਤੱਕ ਹੇਠਾਂ ਦਰਸਾਏ ਨਿਰਧਾਰਤ ਪ੍ਰੋਫਾਰਮੇ ਵਿੱਚ ਕੀਤੀ ਜਾਂਦੀ ਹੈ। ਇਹਨਾਂ ਆਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਯੋਗ ਉਮੀਦਵਾਰਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਈ.ਟੀ.ਟੀ. ਦੀ ਅਸਾਮੀ ਵਾਲਾ ਤਨਖਾਹ ਸਕੇਲ ਰੁਪਏ 10300-34800+ ਗਰੇਡ ਪੇ 4200 ਦਿੱਤਾ ਜਾਵੇਗਾ।

**ਵਿਦਿਅਕ ਯੋਗਤਾ ਅਤੇ ਹੋਰ ਸ਼ਰਤਾਂ**

1 ਉਮੀਦਵਾਰ ਕਿਸੇ ਵੀ ਰਾਜ ਦੇ ਮਾਨਤਾਂ ਪ੍ਰਾਪਤ ਸਿੱਖਿਆ ਬੋਰਡ/ਯੂਨੀਵਰਸਿਟੀ ਤੋਂ 10+2 ਪਾਸ ਕੀਤੀ ਹੋਵੇ।

2 ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਮਾਨਤਾ ਪ੍ਰਾਪਤ ਬੋਰਡ ਤੋ ਪਾਸ ਕੀਤੀ ਹੋਵੇ।

3 ਉਮੀਦਵਾਰ ਨੇ ਸੰਗੀਤ ਵਿੱਚ ਡਿਪਲੋਮਾਂ (ਵੋਕਲ/ਇੰਸਟਰੂਮੈਂਟਲ) ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋ ਪਾਸ ਕੀਤਾ ਹੋਵੇ।

4 ਜੇਕਰ ਕਿਸੇ ਉਮੀਦਵਾਰ ਪਾਸ ਸੰਗੀਤ ਦੀ ਮੁੱਢਲੀ ਯੋਗਤਾ ਨਹੀਂ ਹੈ ਭਾਵ ਸੰਗੀਤ ਵਿੱਚ ਡਿਪਲੋਮਾ(ਵੋਕਲ/ਇੰਸਟਰੂਮੈਂਟਲ ਪਾਸ ਨਹੀਂ ਹੈ ਪਰ ਉਸਨੇ ਗ੍ਰੇਜੂਏਸ਼ਨ ਸਮੇਂ ਸੰਗੀਤ(ਵੋਕਲ/ਇੰਸਟਰੂਮੈਂਟਲ) ਇਕ ਵਿਸ਼ੇ ਵੱਜੋਂ 3 ਸਾਲਾਂ ਵਿੱਚ ਪੜ੍ਹਿਆਂ ਹੋਵੇ ਜਾਂ ਉਸਨੇ ਸੰਗੀਤ ਵਿੱਚ ਕੋਈ ਹੋਰ ਉੱਚ ਯੋਗਤਾ ਪ੍ਰਾਪਤ ਕੀਤੀ ਹੈ, ਨੂੰ ਵੀ ਵਿਚਾਰਿਆ ਜਾਵੇਗਾ। ਪਰ ਉਸ ਦੀ ਇਸ ਯੋਗਤਾ ਨੂੰ ਮੁੱਢਲੀ ਯੋਗਤਾ ਦੇ ਬਰਾਬਰ ਮੰਨਿਆ ਜਾਵੇਗਾ।

5 ਉਮੀਦਵਾਰ ਦੀ ਉਮਰ ਦੀ ਹੱਦ ਮਿਤੀ 01-01-2014 ਨੂੰ 18 ਤੋ 38 ਸਾਲਾਂ ਦੇ ਦਰਮਿਆਨ ਹੋਵੇਗੀ।

6 ਇਨ੍ਹਾਂ ਅਸਾਮੀਆਂ ਵਿਰੁੱਧ ਅਪਲਾਈ ਕਰਨ ਵਾਲੇ ਉਮੀਦਵਾਰਾਂ ਤੋਂ ਕੋਈ ਫੀਸ ਆਦਿ ਨਹੀਂ ਲਈ ਜਾਵੇਗੀ।

7 ਯੋਗ ਉਮੀਦਵਾਰ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਨਿਸ਼ਚਿਤ ਮਿਤੀ 03-03-2014 ਤੋਂ 31-03-2014 ਤੱਕ ਆਨ ਲਾਈਨ

ਅਪਲਾਈ ਕਰੇਗਾ। ਇਸ ਉਪਰੰਤ ਪ੍ਰਾਪਤ ਹੋਈ ਪ੍ਰਤੀਬੇਨਤੀਆਂ ਨੂੰ ਨਹੀਂ ਵਿਚਾਰਿਆ ਜਾਵੇਗਾ।

**ਚੋਣ ਦਾ ਢੰਗ :** ਉਮੀਦਵਾਰ ਦੀ ਚੋਣ ਹੇਠਾਂ ਦਰਸਾਏ ਢੰਗ ਨਾਲ ਮੈਰਿਟ ਦੇ ਆਧਾਰ ਤੇ ਕੀਤੀ ਜਾਵੇਗੀ।

| ਲੜੀ ਨੰ: | ਯੋਗਤਾ ਦਾ ਨਾਮ | ਅੰਕ |
|---|---|---|
| 1 | ਕਿਸੇ ਮਾਨਤਾ ਪ੍ਰਾਪਤ ਬੋਰਡ ਤੋਂ 10+2 ਮੁਢਲੀ ਯੋਗਤਾ ਵਿੱਚ ਅੰਕਾ ਦਾ 45% | 45 ਅੰਕ |
| 2 | ਕਿਸੇ ਮਾਨਤਾ ਪ੍ਰਾਪਤ ਬੋਰਡ/ਯੂਨੀਵਰਸਿਟੀ ਤੋਂ ਸੰਗੀਤ (ਵੋਕਲ/ਇੰਸਟਰੂਮੈਂਟਲ) ਵਿੱਚ ਡਿਪਲੋਮਾ ਪ੍ਰਾਪਤ ਅੰਕਾਂ ਦਾ 50%<br>ਜਾਂ<br>ਗ੍ਰੇਜੂਏਸ਼ਨ ਵਿੱਚ ਸੰਗੀਤ(ਵੋਕਲ/ਇੰਸਟਰੂਮੈਂਟਲ) ਦਾ ਇਕ ਵਿਸ਼ਾ 3 ਸਾਲ ਪੜਿਆ ਹੋਵੇ ਦੇ ਪ੍ਰਾਪਤ ਅੰਕਾਂ ਦਾ 50% | 50 ਅੰਕ |
| 3 | ਉਚ ਯੋਗਤਾ (ਸਬੰਧਤ ਖੇਤਰ ਵਿੱਚ) ਦੇ ਕੁਲ ਅੰਕ 5 | 5 ਅੰਕ |

**ਨੋਟ :**

1) ਜੇਕਰ ਕਿਸੇ ਉਮੀਦਵਾਰ ਨੇ ਡਿਪਲੋਮੇ ਦੇ ਨਾਲ ਨਾਲ ਗ੍ਰੇਜੂਏਸ਼ਨ ਸੰਗੀਤ (ਵੋਕਲ/ਇੰਸਟਰੂਮੈਂਟਲ) ਦਾ ਇਕ ਵਿਸ਼ਾ 3 ਸਾਲ ਪੜਿਆ ਹੋਵੇਗਾ ਤਾਂ ਉਸ ਨੂੰ ਉਚ ਯੋਗਤਾ ਦੇ 5 ਅੰਕ ਦਿੱਤੇ ਜਾਣਗੇ।

2) ਜਿਨ੍ਹਾ ਉਮੀਦਵਾਰਾਂ ਨੇ ਸੰਗੀਤ (ਵੋਕਲ/ਇੰਸਟਰੂਮੈਂਟਲ) ਦੀ ਗ੍ਰੇਜੂਏਸ਼ਨ ਦੇ ਅਧਾਰ ਤੇ ਅਪਲਾਈ ਕਰਨਾ ਹੈ, ਜੇਕਰ ਉਨ੍ਹਾਂ ਨੂੰ ਉਚ ਯੋਗਤਾ ਭਾਵ ਪੋਸਟ ਗ੍ਰੇਜੂਏਸ਼ਨ ਸੰਗੀਤ (ਵੋਕਲ/ਇੰਸਟਰੂਮੈਂਟਲ) ਕੀਤੀ ਹੋਵੇਗੀ ਤਾਂ ਉਨ੍ਹਾਂ ਨੂੰ ਉਚ ਯੋਗਤਾ ਦੇ 5 ਅੰਕ ਦਿੱਤੇ ਜਾਣਗੇ।

**ਡਾਇਰੈਕਟਰ ਸਿਖਿਆ ਵਿਭਾਗ (ਐਲੀ:ਸਿੱ)**
**ਪੰਜਾਬ**

**ਪ੍ਰੋਫਾਰਮਾ**

ਰਜਿਸਟਰੈਸ਼ਨ ਨੰ .................. ਤਸਦੀਕ ਸੁਦਾ ਪਾਸਪੋਰਟ

(ਦਫਤਰ ਵਲੋਂ ਭਰਿਆ ਜਾਣਾ ਹੈ) ਸਾਇਜ ਫੋਟੋ

| | | | |
|---|---|---|---|
| 1 | ਉਮੀਦਵਾਰ ਦਾ ਨਾਂ | : | ................................ |
| 2 | ਪਿਤਾ ਦਾ ਨਾਂ | : | ................................. |
| 3 | ਮਾਤਾ ਦਾ ਨਾਂ | : | ................................. |
| 4 | ਜਨਮ ਮਿਤੀ | : | ................................. |
| 5 | ਘਰ ਦਾ ਪੱਕਾ ਪਤਾ | : | ................................. |
| | | | ................................. |
| 6 | ਪੱਤਰ ਵਿਹਾਰ ਲਈ ਪੱਤਾ | : | ................................. |
| | | | ................................. |
| 7 | ਟੈਲੀਫੋਨ /ਮੋਬਾਇਲ ਨੰਬਰ | : | ਟੈਲੀਫੋਨ........................ |
| | | | ਮੋਬਾਇਲ ...................... |
| 8 | ਸੀ.ਐਮ.ਓ.ਜਾਂ ਮੈਡੀਕਲ ਬੋਰਡ ਤੋ ਜਾਰੀ ਸਰਟੀਫਿਕੇਟ ਮੁਤਾਬਕ ਕਿੰਨੇ ਪ੍ਰਤੀਸ਼ਤ ਨੇਤਰਹੀਣ ਹੋ। | : | .................................. |
| | | | .................................. |

9 **ਵਿਦਿਅਕ ਯੋਗਤਾਵਾ:**

| ਲੜੀ ਨੰ | ਪਾਸ ਕੀਤੀ ਵਿਦਿਅਕ ਯੋਗਤਾ | ਪਾਸ ਕਰਨ ਦਾ ਸਾਲ | ਕਿਸ ਸੰਸਥਾ ਤੋ ਪਾਸ ਕੀਤੀ ਗਈ ਹੈ | ਪਾਸ ਕੀਤੇ ਵਿਸ਼ੇ | ਕੁਲ ਅੰਕ/ ਪ੍ਰਾਪਤ ਕੀਤੇ ਅੰਕ | ਪ੍ਰਾਪਤ % ਅੰਕ |
|---|---|---|---|---|---|---|
| 1 | ਮੈਟ੍ਰਿਕ | | | | | |
| 2 | +2 | | | | | |

10 **ਪ੍ਰੋਫੈਸ਼ਨਲ ਯੋਗਤਾਵਾ(ਮੁੱਢਲੀ / ਉੱਚ ਯੋਗਤਾ)**

| ਲੜੀ ਨੰ | ਪਾਸ ਕੀਤੀ ਵਿਦਿਅਕ ਯੋਗਤਾ | ਪਾਸ ਕਰਨ ਦਾ ਸਾਲ | ਕਿਸ ਸੰਸਥਾ ਤੋ ਪਾਸ ਕੀਤੀ ਗਈ ਹੈ | ਪਾਸ ਕੀਤੇ ਵਿਸ਼ੇ | ਕੁਲ ਅੰਕ/ ਪ੍ਰਾਪਤ ਕੀਤੇ ਅੰਕ | ਪ੍ਰਾਪਤ % ਅੰਕ |
|---|---|---|---|---|---|---|
| | | | | | | |
| | | | | | | |

ਮਿਤੀ: ਉਮੀਦਵਾਰ ਦੇ ਹਸਤਾਖਰ